# ਐਗਜ਼ੈਕਟਿਵ ਸੰਖੇਪ
# ਬੀ ਸੀ ਬਿਲਡਿੰਗ ਕੋਡ ਪਹੁੰਚਯੋਗਤਾ ਸ਼ਮੂਲੀਅਤ

2021/2022



# ਐਗਜ਼ੈਕਟਿਵ ਸੰਖੇਪ

## ਪਿਛੋਕੜ

ਬੀ.ਸੀ. ਸਰਕਾਰ ਬੀ ਸੀ ਬਿਲਡਿੰਗ ਕੋਡ ਨੂੰ ਅੱਪਡੇਟ ਕਰ ਰਹੀ ਹੈ ਤਾਂ ਜੋ ਨਵੀਆਂ ਇਮਾਰਤਾਂ ਸਾਰੇ ਲੋਕਾਂ ਲਈ ਵਧੇਰੇ ਪਹੁੰਚਯੋਗ ਹੋਣ।

ਜਨਤਾ ਨੇ ਦੋ ਤਰੀਕਿਆਂ ਨਾਲ ਨਵੀਆਂ ਇਮਾਰਤਾਂ ਵਿੱਚ ਪਹੁੰਚਯੋਗਤਾ ਵਧਾਉਣ ਦੇ ਮੌਕਿਆਂ ਬਾਰੇ ਫੀਡਬੈਕ ਦਿੱਤਾ; ਅਕਤੂਬਰ 2021 ਤੋਂ ਜਨਵਰੀ 2022 ਤੱਕ ਇੱਕ ਜਨਤਕ ਸਰਵੇਖਣ ਵਿੱਚ 1,500 ਤੋਂ ਵੱਧ ਜਵਾਬ ਸਨ ਅਤੇ ਲੋਕਾਂ ਨੇ ਜੂਨ ਤੋਂ ਅਕਤੂਬਰ 2022 ਤੱਕ ਫੋਕਸ ਗਰੁੱਪਾਂ ਵਿੱਚ ਹਿੱਸਾ ਵੀ ਲਿਆ।

## ਜਿਸ ਤੋਂ ਅਸੀਂ ਸੁਣਿਆ ਹੈ

ਇਹ ਸਰਵੇਖਣ ਜ਼ਿਆਦਾਤਰ ਅਸਮਰਥਤਾਵਾਂ ਵਾਲੇ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਮਕਾਨ ਮਾਲਕਾਂ ਦੁਆਰਾ ਪੂਰਾ ਕੀਤਾ ਗਿਆ ਸੀ। ਹੋਰ ਉੱਤਰਦਾਤਾਵਾਂ ਵਿੱਚ ਦੇਖਭਾਲ ਪ੍ਰਦਾਤਾ, ਵਿਦਿਆਰਥੀ ਅਤੇ ਉਦਯੋਗ ਪੇਸ਼ੇਵਰ ਸ਼ਾਮਲ ਸਨ।

ਫੋਕਸ ਸਮੂਹਾਂ ਵਿੱਚ ਸਥਾਨਕ ਸਰਕਾਰਾਂ ਅਤੇ ਉਦਯੋਗ ਸੰਸਥਾਵਾਂ ਸਮੇਤ ਕਈ ਸਮੂਹਾਂ ਨੇ ਭਾਗ ਲਿਆ।

## ਬਿਲਡਿੰਗ ਡਿਜ਼ਾਈਨ

ਬਹੁਤ ਸਾਰੇ ਲੋਕਾਂ ਨੇ ਕਿਹਾ ਕਿ ਇਮਾਰਤ ਦੇ ਡਿਜ਼ਾਈਨ ਪੜਾਅ 'ਤੇ ਪਹੁੰਚਯੋਗਤਾ ਲਈ ਹੋਰ ਯੋਜਨਾ ਬਣਾਉਣ ਦੀ ਲੋੜ ਹੈ। ਇਸਦਾ ਮਤਲਬ ਬਿਹਤਰ ਡਿਜ਼ਾਈਨ ਵਿਕਲਪ ਹੋਵੇਗਾ ਅਤੇ ਵਸਨੀਕਾਂ ਦੀਆਂ ਲੋੜਾਂ ਬਦਲਣ 'ਤੇ ਵਿਸ਼ੇਸ਼ਤਾਵਾਂ ਨੂੰ ਅੱਪਡੇਟ ਕਰਨ ਲਈ ਬਾਅਦ ਵਿੱਚ ਲਾਗਤਾਂ ਤੋਂ ਬਚਣ ਵਿੱਚ ਮਦਦ ਮਿਲੇਗੀ।

ਸਰਵੇਖਣ ਉੱਤਰਦਾਤਾਵਾਂ ਨੇ ਬੀ.ਸੀ. ਵਿੱਚ ਇਕਸਾਰ ਬਿਲਡਿੰਗ ਕੋਡ ਲੋੜਾਂ ਨੂੰ ਤਰਜੀਹ ਦਿੱਤੀ, ਅਤੇ ਉਨ੍ਹਾਂ ਨੇ ਇਹ ਵੀ ਕਿਹਾ ਕਿ ਪਹੁੰਚਯੋਗਤਾ ਕੋਡ ਦੀਆਂ ਲੋੜਾਂ ਨੂੰ ਹੋਰ ਸੂਬਾਈ ਤਰਜੀਹਾਂ ਜਿਵੇਂ ਕਿ ਜਲਵਾਯੂ ਤਬਦੀਲੀ (ਉਦਾਹਰਨ ਲਈ, ਹੜ੍ਹ ਪ੍ਰਤੀਰੋਧ), ਊਰਜਾ ਕੁਸ਼ਲਤਾ, ਅਤੇ ਰਿਹਾਇਸ਼ ਦੀ ਸਮਰੱਥਾ ਅਤੇ ਉਪਲਬਧਤਾ ਨਾਲ ਕੰਮ ਕਰਨ ਦੀ ਲੋੜ ਹੈ।

ਉੱਤਰਦਾਤਾਵਾਂ ਨੇ ਕਿਹਾ ਕਿ ਪਾਲਣਾ ਨੂੰ ਸਮਰਥਨ ਦੇਣ ਅਤੇ ਪਹੁੰਚਯੋਗਤਾ ਨੂੰ ਵਧਾਉਣ ਲਈ ਲਾਜ਼ਮੀ ਕੋਡ ਨਿਯਮਾਂ ਨੂੰ ਜੁਰਮਾਨੇ ਦੇ ਨਾਲ ਲਾਗੂ ਕਰਨ ਦੀ ਲੋੜ ਹੈ।

ਵਿਅਕਤੀਆਂ ਨੇ ਕਿਹਾ ਕਿ ਲੋਕਾਂ ਨੂੰ ਪਹੁੰਚਯੋਗਤਾ ਦੇ ਸਕਾਰਾਤਮਕ ਵਿੱਤੀ ਪ੍ਰਭਾਵਾਂ ਬਾਰੇ ਦੱਸਣ ਲਈ ਸਿੱਖਿਆ ਦੀ ਲੋੜ ਹੈ, ਉਦਾਹਰਣ ਵਜੋਂ, ਕਾਰੋਬਾਰਾਂ ਅਤੇ ਉਦਯੋਗਾਂ ਲਈ ਵਧੇਰੇ ਆਮਦਨ।





## ਬਿਲਡਿੰਗ ਡਿਜ਼ਾਈਨ ਦੀਆਂ ਕਿਸਮਾਂ

ਲੋਕਾਂ ਨੇ ਨਵੀਆਂ ਇਮਾਰਤਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਯੂਨੀਵਰਸਲ ਡਿਜ਼ਾਈਨ ਸਿਧਾਂਤਾਂ ਦਾ ਸਮਰਥਨ ਕੀਤਾ। ਉਸੇ ਸਮੇਂ, ਅਸੀਂ ਸੁਣਿਆ ਹੈ ਕਿ ਪਹੁੰਚਯੋਗਤਾ ਲਈ "ਵਨ ਸਾਈਜ਼ ਫਿਟੱਸ ਆਲ" ਪਹੁੰਚ ਵਿਅਕਤੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਰੁਕਾਵਟਾਂ ਪੈਦਾ ਕਰ ਸਕਦੀ ਹੈ।

## ਬਿਲਡਿੰਗ ਵਿਸ਼ੇਸ਼ਤਾਵਾਂ

ਭਾਗੀਦਾਰਾਂ ਨੇ ਕਿਹਾ ਕਿ ਇਮਾਰਤਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਹੇਠ ਲਿਖੀਆਂ ਚੀਜ਼ਾਂ ਸਭ ਤੋਂ ਮਹੱਤਵਪੂਰਨ ਸਨ: ਆਟੋਮੈਟਿਕ ਦਰਵਾਜ਼ੇ, ਪੌੜੀਆਂ, ਰੈਂਪਾਂ, ਲਿਫਟਾਂ, ਐਲੀਵੇਟਰ, ਸੰਕੇਤ, ਵਾਸ਼ਰੂਮ ਅਤੇ ਐਮਰਜੈਂਸੀ ਨਿਕਾਸ।

## ਅਨੁਕੂਲ ਇਮਾਰਤਾਂ

ਸਰਵੇਖਣ ਦੇ ਇੱਕਾਹਠ ਪ੍ਰਤੀਸ਼ਤ ਉੱਤਰਦਾਤਾਵਾਂ ਨੇ ਕਿਹਾ ਕਿ ਸਾਰੇ ਘਰਾਂ ਨੂੰ ਵਧੇਰੇ ਅਸਾਨੀ ਨਾਲ ਅਤੇ ਲਾਗਤ-ਪ੍ਰਭਾਵਸ਼ਾਲੀ ਰੂਪ ਵਿੱਚ ਬਦਲਣ ਲਈ ਡਿਜ਼ਾਇਨ ਬਣਾਏ ਜਾਣੇ ਚਾਹੀਦੇ ਹਨ ਕਿਉਂਕਿ ਨਿਵਾਸੀਆਂ ਦੀਆਂ ਪਹੁੰਚਯੋਗਤਾ ਲੋੜਾਂ ਬਦਲਦੀਆਂ ਹਨ।

ਅਸੀਂ ਇਹ ਵੀ ਸੁਣਿਆ ਹੈ ਕਿ ਅਨੁਕੂਲ ਇਮਾਰਤ ਦੇ ਅਭਿਆਸਾਂ ਨੂੰ ਬਦਲਣਾ ਇੱਕੋ ਵਾਰ ਨਹੀਂ ਕੀਤਾ ਜਾਣਾ ਚਾਹੀਦਾ ।  ਇਹ ਗਿਆਨ, ਜਾਗਰੂਕਤਾ, ਅਤੇ ਸਿੱਖਣ ਦੇ ਮੌਕਿਆਂ ਨੂੰ ਵਿਕਸਤ ਕਰਨ ਦੇ ਕਦਮਾਂ ਵਿੱਚ ਕੀਤਾ ਜਾਣਾ ਚਾਹੀਦਾ ਹੈ।

ਵਧੇਰੇ ਵਿਸਤ੍ਰਿਤ ਫੀਡਬੈਕ ਲਈ, ਕਿਰਪਾ ਕਰਕੇ ਆਨਲਾਈਨ ਪੋਸਟ ਕੀਤੀ ਸੰਖੇਪ ਰਿਪੋਰਟ ਦੀ ਸਮੀਖਿਆ ਕਰੋ।

## ਅਗਲੇ ਕਦਮ

ਫੀਡਬੈਕ ਦੇਣ ਵਾਲੇ ਸਾਰੇ ਲੋਕਾਂ ਦਾ ਧੰਨਵਾਦ।  ਇਹ ਨਵੇਂ ਅਤੇ ਬਿਹਤਰ ਪਹੁੰਚਯੋਗਤਾ ਨਿਯਮਾਂ ਨੂੰ ਵਿਕਸਤ ਕਰਨ ਲਈ ਮਹੱਤਵਪੂਰਨ ਹੈ।  ਲੋਕ-ਕੇਂਦਰਿਤ, ਸਬੂਤ-ਸੂਚਿਤ ਕੋਡ ਤਬਦੀਲੀਆਂ ਨੂੰ ਵਿਕਸਤ ਕਰਨ ਲਈ ਉਦਯੋਗ ਦੇ ਮਾਹਰਾਂ ਨਾਲ ਕੰਮ ਜਾਰੀ ਰਹੇਗਾ।  ਪ੍ਰਸਤਾਵਿਤ ਕੋਡ ਬਦਲਾਅ ਬਸੰਤ 2023 ਵਿੱਚ ਜਨਤਕ ਸਮੀਖਿਆ ਲਈ ਉਪਲਬਧ ਕਰਵਾਏ ਜਾਣਗੇ।

ਬੀ.ਸੀ. ਸਰਕਾਰ ਸਮਝਦੀ ਹੈ ਕਿ ਸਾਰੀਆਂ ਪਹੁੰਚਯੋਗਤਾ ਲੋੜਾਂ ਮਹੱਤਵਪੂਰਨ ਹਨ ਅਤੇ ਇਹ ਵੀ ਮੰਨਦੀ ਹੈ ਕਿ ਸਾਰੀਆਂ ਤਬਦੀਲੀਆਂ ਇੱਕੋ ਵਾਰ ਨਹੀਂ ਕੀਤੀਆਂ ਜਾ ਸਕਦੀਆਂ।

ਭਵਿੱਖ ਵਿੱਚ ਨਵੀਆਂ ਇਮਾਰਤਾਂ ਨੂੰ ਹੋਰ ਵੀ ਪਹੁੰਚਯੋਗ ਬਣਾਉਣ ਲਈ ਜਾਰੀ ਸਹਿਯੋਗ ਮਹੱਤਵਪੂਰਨ ਹੈ।



